# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 04-08-2024**

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਾਰੇ ਨਾਗਰਿਕਾਂ ਨੂੰ ਅਪੀਲ ਕੀਤੀ ਏ, ਕਿ ਉਹ ਹਰ ਘਰ ਤਿਰੰਗਾ ਮੁਹਿੰਮ ਨੂੰ ਹੋਰ ਤੇਜ਼ ਕਰਨ ਅਤੇ ਇਸ ਵਿੱਚ ਦੁਬਾਰਾ ਉਸੇ ਉਤਸ਼ਾਹ ਨਾਲ ਹਿੱਸਾ ਲੈਣ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ,  ਉਨਾਂ ਲੋਕਾਂ ਨੂੰ 9 ਤੋਂ 15 ਅਗਸਤ ਦੇ ਵਿਚਕਾਰ ਤਿਰੰਗੇ ਨੂੰ ਲਹਿਰਾਉਣ ਜਾਂ ਆਪਣੇ ਘਰਾਂ ਵਿੱਚ ਪ੍ਰਦਰਸ਼ਿਤ ਕਰਨ ਲਈ ਕਿਹਾ ਏ। ਅਮਿਤ ਸ਼ਾਹ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ, 'ਹਰ ਘਰ ਤਿਰੰਗਾ' ਮੁਹਿੰਮ ਪਿਛਲੇ ਦੋ ਸਾਲਾਂ ਵਿੱਚ ਇੱਕ ਕੌਮੀ ਅੰਦੋਲਨ ਵਿੱਚ ਬਦਲ ਗਈ ਏ ਅਤੇ ਇਹ ਦੇਸ਼ ਦੀ ਲੰਬਾਈ ਤੇ ਚੌੜਾਈ ਵਿੱਚ, ਹਰ ਭਾਰਤੀ ਵਿੱਚ ਬੁਨਿਆਦੀ ਏਕਤਾ ਨੂੰ ਜਗਾ ਰਹੀ ਏ। ਅਮਿਤ ਸ਼ਾਹ ਨੇ ਲੋਕਾਂ ਨੂੰ ਤਿਰੰਗੇ ਨਾਲ ਸੈਲਫੀ ਲੈਣ ਅਤੇ ਹਰ ਘਰ ਤਿਰੰਗਾ ਦੀ

ਵੈੱਬਸਾਈਟ - Har ghar tiranga.com 'ਤੇ ਅਪਲੋਡ ਕਰਨ ਦੀ ਅਪੀਲ ਵੀ ਕੀਤੀ ਏ ।

------------------------------------------------------------

ਦੇਸ਼ ਦੇ 95 ਫੀਸਦੀ ਤੋਂ ਵੱਧ ਪਿੰਡਾਂ ਵਿੱਚ, ਅੱਜ 3G ਜਾਂ 4G ਮੋਬਾਈਲ ਕਨੈਕਟੀਵਿਟੀ ਨਾਲ ਇੰਟਰਨੈਟ ਦੀ ਪਹੁੰਚ ਏ । ਸੰਚਾਰ ਮੰਤਰਾਲੇ ਵਲੋਂ ਜਾਰੀ ਅੰਕੜਿਆਂ ਅਨੁਸਾਰ, ਇਸ ਸਾਲ ਅਪ੍ਰੈਲ ਤੱਕ ਕੋਈ 6 ਲੱਖ 13 ਹਜ਼ਾਰ ਪਿੰਡਾਂ ਵਿੱਚ ਇੰਟਰਨੈਟ ਦੀ ਪਹੁੰਚ ਏ । ਮੰਤਰਾਲੇ ਨੇ ਇਹ ਵੀ ਦੱਸਿਆ ਕਿ ਦੇਸ਼ ਵਿੱਚ ਕੁੱਲ ਇੰਟਰਨੈਟ ਗਾਹਕਾਂ ਵਿੱਚ, ਪਿਛਲੇ 10 ਸਾਲਾਂ ਵਿੱਚ ਕੋਈ 25 ਕਰੋੜ 16 ਲੱਖ ਤੋਂ 14.26 ਫੀਸਦੀ ਦੀ ਸੰਯੁਕਤ ਸਲਾਨਾ ਵਿਕਾਸ ਦਰ ਨਾਲ ਵਾਧਾ ਹੋਇਆ ਏ, ਜਿਸ ਵਿੱਚ ਪਿੰਡ ਅਤੇ ਟੀਅਰ- 2 ਤੇ ਟੀਅਰ- 3 ਸ਼ਹਿਰ ਸ਼ਾਮਲ ਨੇ । ਇਸ ਤੋਂ ਇਲਾਵਾ, ਔਸਤ ਇੰਟਰਨੈੱਟ ਡਾਊਨਲੋਡ ਸਪੀਡ ਵਿੱਚ, ਭਾਰਤ ਦੀ ਰੈਂਕਿੰਗ ਵਿੱਚ 114 ਰੈਂਕ ਦਾ ਵੱਡਾ ਸੁਧਾਰ ਹੋਇਆ ਏ ਅਤੇ ਇਹ, 2014 ਵਿੱਚ 130 ਤੋਂ ਇਸ ਸਾਲ 16 ਹੋ ਗਿਆ ਏ ।

------------------------------------------------------------

ਮੁਲਾਂਕਣ ਸਾਲ 2024- 25 ਲਈ, 31 ਜੁਲਾਈ ਤੱਕ ਰਿਕਾਰਡ 7 ਕਰੋੜ 28 ਲੱਖ ਇਨਕਮ ਟੈਕਸ ਰਿਟਰਨ ਭਰੇ ਗਏ ਨੇ। ਵਿੱਤ ਮੰਤਰਾਲੇ ਨੇ ਕਿਹਾ ਕਿ ਇਹ ਪਿਛਲੇ ਮੁਲਾਂਕਣ ਸਾਲ ਦੇ ਮੁਕਾਬਲੇ 7.5 ਫੀਸਦੀ ਵੱਧ ਏ। ਇਸ ਸਾਲ ਇਨਕਮ ਟੈਕਸ ਰਿਟਰਨ ਭਰਨ ਵਾਲਿਆਂ ਦੀ ਵੱਡੀ ਗਿਣਤੀ ਨੇ, ਨਵੀਂ ਟੈਕਸ ਪ੍ਰਣਾਲੀ ਦੀ ਚੋਣ ਕੀਤੀ ਏ। ਨਵੀਂ ਟੈਕਸ ਪ੍ਰਣਾਲੀ 'ਚ, 5 ਕਰੋੜ 27 ਲੱਖ ਰਿਟਰਨ ਅਤੇ ਪੁਰਾਣੀ ਟੈਕਸ ਪ੍ਰਣਾਲੀ 'ਚ 2 ਕਰੋੜ ਇਕ ਲੱਖ ਰਿਟਰਨ ਫਾਈਲ ਕੀਤੇ ਗਏ ਨੇ । ਇਸ ਸਾਲ 31 ਜੁਲਾਈ ਨੂੰ ਇਕ ਦਿਨ 'ਚ 69 ਲੱਖ 92 ਹਜ਼ਾਰ ਤੋਂ ਵੱਧ ਰਿਟਰਨ ਫਾਈਲ ਹੋਏ। ਇਸ ਸਾਲ 31 ਜੁਲਾਈ ਤੱਕ ਪਹਿਲੀ ਵਾਰ 58 ਲੱਖ 57 ਹਜ਼ਾਰ ਲੋਕਾਂ ਨੇ ਰਿਟਰਨ ਭਰੀ।

-------------------------------------------------------------

ਜਲੰਧਰ ਸਥਿਤ 114 ਬਟਾਲੀਅਨ ਰੈਪਿਡ ਐਕਸ਼ਨ ਫੋਰਸ ਵਲੋਂ, ਰਾਸ਼ਟਰੀ ਅੰਗ ਦਾਨ ਦਿਵਸ ਮਨਾਇਆ ਗਿਆ। ਇਸ ਮੌਕੇ ਬਟਾਲੀਅਨ ਕਮਾਂਡੈਂਟ ਅਸ਼ਵਨੀ ਕੁਮਾਰ ਝਾਅ ਦੀ ਅਗਵਾਈ ਵਿੱਚ ਇੱਕ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਬਟਾਲੀਅਨ ਦੇ

ਸਮੂਹ ਅਧਿਕਾਰੀਆਂ ਅਤੇ ਜਵਾਨਾਂ ਨੇ ਅੰਗਦਾਨ ਪ੍ਰਤੀ ਆਪਣੀ ਵਚਨਬੱਧਤਾ ਪ੍ਰਗਟ ਕਰਦੇ ਹੋਏ ਸਹੁੰ ਚੁੱਕੀ । ਕਮਾਂਡੈਂਟ ਅਸ਼ਵਨੀ ਕੁਮਾਰ ਝਾਅ ਨੇ ਅੰਗਦਾਨ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਅੰਗਦਾਨ ਵਿਅਕਤੀ ਦੇ ਜੀਵਨ ਨੂੰ ਨਵਾਂ ਰੂਪ ਦੇ ਸਕਦਾ ਏ । ਉਨ੍ਹਾਂ ਕਿਹਾ ਕਿ ਅੰਗਦਾਨ ਇੱਕ ਨੇਕ ਕਾਰਜ ਐ , ਜੋ ਮੌਤ ਤੋਂ ਬਾਅਦ ਵੀ ਦੂਜਿਆਂ ਦੀ ਉਮਰ ਵਧਾਉਣ ਦਾ ਮੌਕਾ ਪ੍ਰਦਾਨ ਕਰਦਾ ਏ। ਉਨ੍ਹਾਂ ਸਮੂਹ ਕਰਮਚਾਰੀਆਂ ਨੂੰ ਅੰਗਦਾਨ ਸਬੰਧੀ ਜਾਣਕਾਰੀ ਅਤੇ ਇਸ ਦੇ ਫਾਇਦਿਆਂ ਬਾਰੇ ਵਿਸਥਾਰ ਨਾਲ ਦੱਸਿਆ ਤਾਂ ਜੋ ਉਹ ਖ਼ੁਦ ਨੂੰ ਅਤੇ ਆਪਣੇ ਪਰਿਵਾਰਾਂ ਨੂੰ ਇਸ ਦਿਸ਼ਾ ਵੱਲ ਪ੍ਰੇਰਿਤ ਕਰ ਸਕਣ।

---------------------------------------------------------------

ਪੈਰਿਸ ਓਲੰਪਿਕ ਵਿਚ ਭਾਰਤੀ ਖਿਡਾਰੀਆਂ ਦੇ ਪ੍ਰਦਰਸ਼ਨ ਤੋਂ ਆਮ ਲੋਕਾਂ ਨੂੰ ਬਹੁਤ ਆਸਾਂ ਨੇ। ਬਠਿੰਡਾ ਜ਼ਿਲੇ ਤੋਂ ਅਧਿਆਪਕ ਕੁਲਵੀਰ ਸਿੰਘ ਨੇ, ਭਵਿੱਖ ਵਿਚ ਹੋਰ ਤਮਗੇ ਮਿਲਣ ਦੀ ਆਸ ਪ੍ਰਗਟਾਈ ।

---------------------------------------------------------------

ਗੁਰਦਾਸਪੁਰ ਜ਼ਿਲੇ ਦੇ ਧਾਰੀਵਾਲ ਕਸਬੇ ਦੇ, ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਵਿਖੇ, ਜ਼ਿਲ੍ਹਾ ਪੁਲਿਸ ਵੱਲੋਂ ਇੱਕ ਵਿਸ਼ੇਸ਼

ਸੈਮੀਨਾਰ ਕਰਵਾਇਆ ਗਿਆ। ਇਸ ਵਿੱਚ ਬਤੌਰ ਮੁੱਖ ਮਹਿਮਾਨ ਐਸ ਐਚ ਓ ਥਾਣਾ ਧਾਰੀਵਾਲ ਬਲਜੀਤ ਕੌਰ ਨੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਨਵੇਂ ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ। ਉਨਾਂ ਕਿਹਾ ਕਿ ਜੇਕਰ ਬੱਚਿਆਂ ਨੇ ਹੁਣ ਟ੍ਰੈਫ਼ਿਕ ਨਿਯਮਾਂ ਦੀ ਉਲੰਘਣਾ ਕੀਤੀ ਤਾਂ ਭਾਰੀ ਜੁਰਮਾਨੇ ਦੇ ਨਾਲ ਨਾਲ ਬੱਚੇ ਦੇ ਮਾਤਾ ਪਿਤਾ ਨੂੰ ਵੀ ਸਜ਼ਾ ਹੋ ਸਕਦੀ ਏ। ਨਵਾਂ ਯੁਗ ਨਵੀਂ ਸੋਚ ਸੁਸਾਇਟੀ ਦੇ ਕੌਮੀ ਚੇਅਰਮੈਨ ਨੀਰਜ ਮਹਾਜਨ ਅਤੇ ਪ੍ਰਸਿੱਧ ਸਮਾਜ ਸੇਵੀ ਡਾਕਟਰ ਜਗਰੂਪ ਸਿੱਧੂ ਨੇ ਕਿਹਾ ਕਿ ਬੱਚਿਆਂ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਕਰਨ ਦੀ ਬੇਹਦ ਜਰੂਰਤ ਏ। ਇਸ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਕਿਰਣ ਕੇਸਰ ਤੇ ਐਮ ਡੀ ਅਮਰਜੀਤ ਸਿੰਘ ਚਾਹਲ ਸਮੇਤ ਹੋਰ ਪਤਵੰਤੇ ਮੌਜੂਦ ਰਹੇ।

------------------------------------------------------------

ਪੰਜਾਬ ਦੇ ਅੰਮ੍ਰਿਤਸਰ, ਪਠਾਨਕੋਟ ਅਤੇ ਫਿਰੋਜ਼ਪੁਰ ਵਿੱਚ ਬੀਤੀ ਸ਼ਾਮ ਹਲਕੀ ਬਾਰਿਸ਼ ਹੋਈ, ਜਿਸ ਤੋਂ ਬਾਅਦ ਪੰਜਾਬ ਦੇ ਵੱਧ ਤੋਂ ਵੱਧ ਤਾਪਮਾਨ ਵਿੱਚ 0.6 ਡਿਗਰੀ ਦੀ ਗਿਰਾਵਟ ਦੇਖਣ ਨੂੰ ਮਿਲੀ ਅਤੇ ਤਾਪਮਾਨ ਆਮ ਵਾਂਗ ਰਿਹਾ। ਚੰਡੀਗੜ੍ਹ ਸਥਿਤ ਮੌਸਮ ਵਿਗਿਆਨ

ਕੇਂਦਰ ਵਲੋਂ ਪਠਾਨਕੋਟ, ਹੁਸ਼ਿਆਰਪੁਰ ਅਤੇ ਰੂਪਨਗਰ ਵਿੱਚ ਯੈਲੋ ਅਲਰਟ ਜਾਰੀ ਕੀਤਾ ਗਿਆ ਏ । ਇਸ ਤੋਂ ਇਲਾਵਾ ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਕਪੂਰਥਲਾ, ਜਲੰਧਰ, ਨਵਾਂ ਸ਼ਹਿਰ, ਫਾਜ਼ਿਲਕਾ, ਮੁਕਤਸਰ, ਬਠਿੰਡਾ ਅਤੇ ਮਾਨਸਾ ਵਿੱਚ ਵੀ ਮੀਂਹ ਪੈਣ ਦੀ ਸੰਭਾਵਨਾ ਏ ।